## ਸਹਾਰਾ

ਤੁਸੀਂ ਸ਼ਾਇਦ **ਵਿਕਟਮ ਸਪੋਰਟ ਸਕਾੱਟਲੈਂਡ** (VSS) ਨਾਲ ਸੰਪਰਕ ਕਰਨਾ ਵੀ ਪਸੰਦ ਕਰੋ, ਇਹ ਇਕ ਸਵੈਇੱਛਤ ਸੰਸਥਾ ਹੈ ਜੋ ਉਹਨਾਂ ਲੋਕਾਂ ਨੂੰ ਵਿਵਹਾਰਕ ਅਤੇ ਜਜ਼ਬਾਤੀ ਸਹਾਰਾ ਪ੍ਰਦਾਨ ਕਰਦੀ ਹੈ ਜੋ ਜੁਰਮ ਤੋਂ ਪ੍ਰਭਾਵਿਤ ਹੋਏ ਹਨ। ਟੈਲੀਫੋਨ:

**0845 60 39 213** ਆਫਿਸ ਦੇ ਘੰਟਿਆਂ ਦੌਰਾਨ

**0845 30 30 900** ਸ਼ਾਮੀਂ ਅਤੇ ਵੀਕਐਂਡ

**www.victimsupportsco.org.uk**

VIA ਹੋਰਨਾਂ ਸੰਸਥਾਵਾਂ ਨਾਲ ਵੀ ਤੁਹਾਡਾ ਸੰਪਰਕ ਕਰਾ ਸਕਦੇ ਹਨ।

## ਵਧੇਰੇ ਜਾਣਕਾਰੀ

ਕਿਰਪਾ ਕਰਕੇ ਆਪਣੇ ਸਥਾਨਕ VIA ਆਫਿਸ ਨੂੰ ਨਾਲ ਨੱਥੀ ਖ਼ਤ ‘ਤੇ ਲਿਖੇ ਪਤੇ ‘ਤੇ ਫੋਨ ਕਰੋ ਜੇ ਤੁਸੀਂ ਕੋਈ ਵਧੇਰੇ ਜਾਣਕਾਰੀ ਪਰਾਪਤ ਕਰਨਾ ਚਾਹੁੰਦੇ ਹੋ ਜਾਂ ਕੁਝ ਐਸਾ ਹੈ ਜਿਸ ਬਾਰੇ ਤੁਸੀਂ ਅਨਿਸ਼ਚਿਤ ਹੋ।

ਵਟਾਵੇਂ ਤੌਰ ‘ਤੇ ਸਾਡੇ ਪੁੱਛ-ਗਿੱਛ ਪੁਆਇੰਟ ਨਾਲ ਟੈਲੀਫੋਨ 01389 739557 ਜਾਂ 0844 561 3000 ‘ਤੇ ਸੰਪਰਕ ਕਰੋ

ਜਾਂ ਸਾਡੀ ਵੈਬਸਾਈਟ www.copfs.gov.uk ‘ਤੇ ਜਾਓ

ਪੀੜ੍ਹਤ ਵਿਅਕਤੀਆਂ ਅਤੇ ਪ੍ਰੋਸੀਕਯੂਸ਼ਨ ਦੇ ਗਵਾਹਾਂ ਨੂੰ ਸਾਡੀ ਵਚਨਬੱਧਤਾ

ਅਸੀਂ:

੧. ਤੁਹਾਨੂੰ ਹਰ ਵੇਲੇ ਇੱਜ਼ਤ ਦਵਾਂਗੇ ਅਤੇ ਇਕ ਪੇਸ਼ੇਵਰ ਸੇਵਾ ਪਰਦਾਨ ਕਰਾਂਗੇ।
੨. ਤੁਹਾਡੇ ਨਾਲ ਸਾਫ਼ ਅਤੇ ਅਸਰਦਾਰ ਢੰਗ ਨਾਲ ਗੱਲ-ਬਾਤ ਕਰਾਂਗੇ।
੩. ਤੁਹਾਨੂੰ ਲੋੜਵੰਦ ਜਾਣਕਾਰੀ ਉਸ ਵੇਲੇ ਦਿਆਂਗੇ ਜਿਸ ਵੇਲੇ ਤੁਹਾਨੂੰ ਇਸ ਦੀ ਜ਼ਰੂਰਤ ਹੈ।
੪. ਤੁਹਾਡੇ ਮਾਮਲੇ ਨਾਲ ਜਿੰਨ੍ਹੀ ਜਲਦੀ ਹੋ ਸਕਦਾ ਹੈ ਉਤਨੀ ਜਲਦੀ ਨਜਿੱਠਾਂਗੇ।
੫. ਤੁਹਾਨੂੰ ਕੋਰਟ ਵਿੱਚ ਗਵਾਹੀ ਦੇਣ ਲਈ ਸਿਰਫ਼ ਤਾਂ ਹੀ ਬੁਲਾਵਾਂਗੇ ਜਦੋਂ ਸਾਡੇ ਕੋਲ ਹੋਰ ਕੋਈ ਰਸਤਾ ਨਹੀਂ ਹੋਏਗਾ।
੬. ਇਹ ਯਕੀਨੀ ਬਣਾਵਾਂਗੇ ਕਿ ਤੁਸੀਂ ਸਾਡੇ ਨਾਲ ਗੱਲ-ਬਾਤ ਕਰ ਸਕਦੇ ਹੋ ਜੇ ਤੁਹਾਡੀ ਪਹਿਲੀ ਭਾਸ਼ਾ ਅੰਗਰੇਜ਼ੀ ਨਹੀਂ ਹੈ।
੭. ਇਹ ਯਕੀਨੀ ਬਣਾਵਾਂਗੇ ਕਿ ਅਸੀਂ ਕਿਸੇ ਵਾਧੂ ਸਹਾਰੇ ਵੱਲ ਧਿਆਨ ਦਈਏ ਜਿਸਦੀ ਤੁਹਾਨੂੰ ਜ਼ਰੂਰਤ ਹੋ ਸਕਦੀ ਹੈ।
੮. ਇਸ ਜੁਰਮ ਦੇ ਤੁਹਾਡੇ ਉੱਤੇ ਹੋਏ ਅਸਰ ਬਾਰੇ ਜੱਜ ਨੂੰ ਜਾਣਕਾਰੀ ਪ੍ਰਦਾਨ ਕਰਾਂਗੇ।
੯. ਤੁਹਾਨੂੰ ਸਲਾਹ ਦਿਆਂਗੇ ਕਿ ਖ਼ਰਚੇ ਕਿਸ ਤਰ੍ਹਾਂ ਕਲੇਮ ਕਰਨੇ ਹਨ ਅਤੇ ਤੁਹਾਡੇ ਕਲੇਮ ਨਾਲ ਜਿੰਨ੍ਹੀ ਜਲਦੀ ਹੋ ਸਕਦਾ ਹੈ ਨਜਿੱਠਾਂਗੇ।
੧੦. ਹੋਰਨਾ ਏਜੰਸੀਆਂ ਨਾਲ ਕੰਮ ਕਰਕੇ ਉਹਨਾਂ ਸੇਵਾਵਾਂ ਨੂੰ ਪਰਾਪਤ ਕਰਨ ਵਿੱਚ ਤੁਹਾਡੀ ਮਦਦ ਕਰਾਂਗੇ ਜਿਨ੍ਹਾਂ ਦੀ ਤੁਹਾਨੂੰ ਜ਼ਰੂਰਤ ਹੈ।

ਪੀੜ੍ਹਤ ਜਾਣਕਾਰੀ ਅਤੇ ਸਲਾਹ
ਕਰਾਉਨ ਦਫ਼ਤਰ ਅਤੇ ਪ੍ਰੋਕਯੂਰੇਟਰ ਫਿਸਕਲ ਸੇਵਾ ਦਾ ਇਕ ਹਿੱਸਾ
© ਕਰਾਉਨ ਕਾਪੀਰਾਈਟ 2010
ਏਪੀਐੱਸ ਗਰੁਪ ਸਕਾੱਟਲੈਂਡ DPPAS12578 03/12

**VIA** ਪੀੜ੍ਹਤਾਂ ਲਈ ਜਾਣਕਾਰੀ ਅਤੇ ਸਲਾਹ

# VIA

## ਅਸੀਂ ਕਿਸ ਤਰ੍ਹਾਂ ਤੁਹਾਡੀ ਮਦਦ ਕਰ ਸਕਦੇ ਹਾਂ

ਕਿਰਪਾ ਕਰਕੇ VIA ਨਾਲ ਸੰਪਰਕ ਕਰੋ ਜੇ ਤੁਸੀਂ ਇਹ ਦਸਤਾਵੇਜ਼ ਕਿਸੇ ਹੋਰ ਭਾਸ਼ਾ, ਵੱਡੇ ਅੱਖਰਾਂ, ਆੱਡਿਓ, ਬ੍ਰੇਲ ਜਾਂ ਕਿਸੇ ਹੋਰ ਸਰੂਪ ਵਿੱਚ ਪਰਾਪਤ ਕਰਨਾ ਚਾਹੁੰਦੇ ਹੋ। ਅਸੀਂ RNID ਟੈਕਸਟ ਰੀਲੇਅ ਉਪਸਰਗ 18001 ਰਾਹੀਂ ਫੋਨਾਂ ਨੂੰ ਜੀ ਆਇਆਂ ਨੂੰ ਆਖਦੇ ਹਾਂ।

# ਅਸੀਂ ਕਿਸ ਤਰ੍ਹਾਂ ਤੁਹਾਡੀ ਮਦਦ ਕਰ ਸਕਦੇ ਹਾਂ

## ਜਾਣਕਾਰੀ ਅਤੇ ਸਲਾਹ

ਜੇ ਤੁਸੀਂ ਜੁਰਮ ਦੇ ਸ਼ਿਕਾਰ ਹੋਏ ਹੋ, ਤਾਂ ਤੁਸੀਂ ਅਪਰਾਧਕ ਨਿਆਂ ਵਿਵਸਥਾ ਦੀ ਲਪੇਟ ਵਿੱਚ ਆ ਸਕਦੇ ਹੋ।

ਇਹ ਤਨਾਅਪੂਰਵਕ ਅਤੇ ਭੁਲਾਵਾਂ ਹੋ ਸਕਦਾ ਹੈ ਜਦੋਂ ਤੁਸੀਂ ਜੁਰਮ ਦੇ ਸ਼ਰੀਰਕ ਅਤੇ ਜਜ਼ਬਾਤੀ ਅਸਰਾਂ ਨਾਲ ਵੀ ਜੂਝ ਰਹੇ ਹੋ।

**ਪੀੜ੍ਹਤ ਜਾਣਕਾਰੀ ਅਤੇ ਸਲਾਹ (VIA)** ਕਰਾਉਨ ਆਫਿਸ ਅਤੇ ਪ੍ਰੋਕਯੂਰੇਟਰ ਫਿਸਕਲ ਸੇਵਾ ਦਾ ਇਕ ਹਿੱਸਾ ਹੈ। ਪ੍ਰੋਕਯੂਰੇਟਰ ਫਿਸਕਲ ਸਕਾੱਟਲੈਂਡ ਵਿੱਚ ਜੁਰਮ ਦੀ ਜਾਂਚ ਅਤੇ ਮੁਕਦਮਾ ਚਲਾਉਣ ਲਈ ਜ਼ੁੰਮੇਵਾਰ ਹੈ।

VIA ਸਟਾਫ਼ ਆਪ ਪ੍ਰੋਸੀਕਯੂਟਰ ਨਹੀ ਹਨ। ਸਾਡਾ ਕੰਮ ਪੀੜ੍ਹਤਾਂ, ਗਵਾਹਾਂ ਅਤੇ ਅਚਾਨਕ, ਅਣਿਆਈ ਜਾਂ ਜੁਰਮ ਨਾਲ ਸੰਬੰਧਤ ਮੌਤਾਂ ਦੇ ਕੁਝ ਮਾਮਲਿਆਂ ਵਿੱਚ, ਉਹਨਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਮਦਦ ਕਰਨਾ ਹੈ।

*"ਮੈਨੂੰ ਤੁਹਾਡੀ ਸੇਵਾ ਅਤੇ ਸਟਾਫ਼ ਹਰ ਵੇਲੇ ਬਹੁਤ ਮਦਦਗਾਰ ਲੱਗਿਆ, ਖ਼ਾਸ ਕਰ ਕੇ ਕਿਉਂਕਿ ਮੈਨੂੰ ਸਾਡੀ ਕਾਨੂੰਨੀ ਵਿਵਸਥਾ ਦਾ ਕੋਈ ਪਹਿਲਾਂ ਤੋਂ ਕੋਈ ਤਜਰਬਾ ਨਹੀਂ ਸੀ।"*

## VIA ਕੀ ਕਰ ਸਕਦੇ ਹਨ

**VIA ਤੁਹਾਡੀ ਮਦਦ ਕਰ ਸਕਦੇ ਹਨ:**

- ਤੁਹਾਨੂੰ ਜਾਣਕਾਰੀ ਅਤੇ ਸਲਾਹ ਪ੍ਰਦਾਨ ਕਰ ਕੇ ਕਿ ਅਪਰਾਧਕ ਨਿਆਂ ਵਿਵਸਥਾ ਕਿਸ ਤਰ੍ਹਾਂ ਕੰਮ ਕਰਦੀ ਹੈ ਅਤੇ ਤੁਸੀਂ ਕੀ ਉੱਮੀਦ ਕਰ ਸਕਦੇ ਹੋ
- ਤੁਹਾਡੇ ਮਾਮਲੇ ਦੀ ਤਰੱਕੀ ਦੀ ਜਾਣਕਾਰੀ ਤੁਹਾਨੂੰ ਦੱਸ ਕੇ
- ਤੁਹਾਡੀ ਉਹਨਾਂ ਸੰਸਥਾਵਾਂ ਨਾਲ ਸੰਪਰਕ ਕਰਨ ਵਿੱਚ ਮਦਦ ਕਰਕੇ ਜੋ ਤੁਹਾਨੂੰ ਵਿਵਹਾਰਕ ਅਤੇ ਜਜ਼ਬਾਤੀ ਸਹਾਰਾ ਪ੍ਰਦਾਨ ਕਰਨ ਦੀ ਪੇਸ਼ਕਸ਼ ਕਰ ਸਕਦੇ ਹਨ
- ਤੁਹਾਡੇ ਨਾਲ ਵਿਚਾਰ ਕਰਕੇ ਕਿ ਤੁਹਾਨੂੰ ਗਵਾਹੀ ਦੇਣ ਵਿੱਚ ਮਦਦ ਕਰਨ ਲਈ, ਜਾਂ ਜੇ ਮਾਮਲਾ ਟ੍ਰਾਇਲ ਤੱਕ ਜਾਂਦਾ ਹੈ ਤਾਂ ਕੋਰਟ ਵਿੱਚ ਹਾਜਰ ਹੋਣ ਲਈ ਕਿਹੜਾ ਸਹਾਰਾ ਉਪਲਬਧ ਹੋ ਸਕਦਾ ਹੈ। ਇਸ ਵਿੱਚ ਇਕ ਟ੍ਰਾਇਲ ਤੋਂ ਪਹਿਲਾਂ ਤੁਹਾਨੂੰ ਦਿਖਾਉਣ ਲਈ ਕੋਰਟ ਦਾ ਗੇੜਾ ਕੱਟਨ ਦਾ ਇੰਤਜ਼ਾਮ ਕਰਨਾ ਵੀ ਸ਼ਾਮਲ ਹੋ ਸਕਦਾ ਹੈ।

ਜੇ ਕਿਸੇ ਮੁਕਾਮ ਤੇ ਤੁਸੀਂ VIA ਦੀ ਮਦਦ ਨਹੀਂ ਲੈਣਾ ਚਾਹੁੰਦੇ, ਸਾਨੂੰ ਸਿਰਫ਼ ਦੱਸ ਦਿਓ। ਜੇ ਤੁਸੀਂ ਫ਼ਿਰ ਆਪਣਾ ਮਨ ਬਦਲਦੇ ਹੋ, ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ।

## ਅਸੀਂ ਕਿਸ ਦੀ ਮਦਦ ਕਰ ਸਕਦੇ ਹਾਂ

**VIA ਉਹਨਾਂ ਅਪਰਾਧਾਂ ਦੇ ਪੀੜਤਾਂ ਅਤੇ ਗਵਾਹਾਂ ਦੀ ਮਦਦ** ਕਰਦੇ ਹਨ ਜੋ ਪ੍ਰਕਯੂਰੇਟਰ ਫਿਸਕਲ ਨੂੰ ਰਿਪੋਰਟ ਕੀਤੇ ਜਾਂਦੇ ਹਨ, ਇਸ ਵਿੱਚ ਸ਼ਾਮਲ ਹਨ:

- ਘਰੇਲੂ ਬਦਸਲੂਕੀ
- ਘਿਰਨਾ ਜੁਰਮ
- ਜਿਨਸੀ ਅਪਰਾਧ
- ਪੀੜ੍ਹਤ ਅਤੇ ਗਵਾਹ ਬੱਚੇ
- ਹੋਰ ਸੰਗੀਨ ਅਪਰਾਧ

**ਅਸੀਂ ਇਹ ਮਦਦ ਵੀ ਕਰਦੇ ਹਾਂ:**

- ਨਜ਼ਦੀਕੀ ਰਿਸ਼ਤੇਦਾਰਾਂ ਦੀ ਮੌਤ ਦੇ ਮਾਮਲਿਆਂ ਵਿੱਚ ਜਿਸ ਵਿੱਚ ਅਪਰਾਧਕ ਕਾਰਵਾਈ ਸ਼ਾਮਲ ਹੋ ਸਕਦੀ ਹੈ, ਜਾਂ ਜੇ ਕੋਈ ਮਾਰੂ ਐਕਸੀਡੈਂਟ ਪੁੱਛ-ਗਿੱਛ ਜਾਂ ਵਿਆਪਕ ਪੜਤਾਲ ਹੋਣੀ ਹੈ।
- ਕਮਜ਼ੋਰ ਪੀੜ੍ਹਤ ਵਿਅਕਤੀਆਂ ਜਾਂ ਗਵਾਹਾਂ ਦੀ।
- ਵਾਧੂ ਜ਼ਰੂਰਤਾਂ ਵਾਲੇ ਪੀੜ੍ਹਤ ਵਿਅਕਤੀਆਂ ਜਾਂ ਗਵਾਹਾਂ ਦੀ। ਉਦਾਹਰਣ ਦੇ ਤੌਰ ਤੇ, ਕੁਝ ਗਵਾਹਾਂ ਨੂੰ ਗਵਾਹੀ ਦੇਣ ਲਈ ਜਾਂ ਕੋਰਟ ਤੱਕ ਪਹੁੰਚਨ ਲਈ ਸਹਾਰੇ ਦੀ ਜ਼ਰੂਰਤ ਹੋ ਸਕਦੀ ਹੈ।

*"ਇਹ ਸੇਵਾ ਜੋ ਤੁਸੀਂ ਪ੍ਰਦਾਨ ਕਰ ਰਹੇ ਹੋ ਲਾਜ਼ਮੀ ਹੈ। ਮੈਨੂੰ ਇਹ ਸੋਚਨ ਵਿੱਚ ਵੀ ਡਰ ਲਗਦਾ ਹੈ ਕਿ ਤੁਹਾਡੇ ਸਹਾਰੇ ਤੋਂ ਬਿਨਾ ਅਸੀਂ ਕਿਸ ਤਰ੍ਹਾਂ ਸਾਮ੍ਹਣਾ ਕਰਦੇ।"*

## ਕਿਰਪਾ ਕਰਕੇ ਨੋਟ ਕਰੋ

- VIA ਫ਼ੈਸਲਾ ਨਹੀਂ ਕਰ ਸਕਦੇ ਜਾਂ ਦਬਾਉ ਨਹੀਂ ਪਾ ਸਕਦੇ ਕਿ ਕਿਸੇ ਅਪਰਾਧ ਲਈ ਕਿਸ 'ਤੇ ਮੁਕਦਮਾ ਚਲਾਇਆ ਜਾਏ ਜਾਂ ਉਹਨਾਂ ਨੂੰ ਕਿਸ ਅਪਰਾਧ ਨਾਲ ਅਰੋਪਿਤ ਕੀਤਾ ਜਾਏ। ਪ੍ਰੋਕਯੂਰੇਟਰ ਫਿਸਕਲ (ਦ ਫਿਸਕਲ) ਉਪਲਬਧ ਸਬੂਤਾਂ ਦੇ ਅਧਾਰ 'ਤੇ ਅਤੇ ਇਸ ਅਧਾਰ 'ਤੇ ਇਹ ਫ਼ੈਸਲਾ ਕਰਦੇ ਹਨ ਕਿ ਕੀ ਮੁਕਦਮਾ ਚਲਾਉਣਾ ਜਨਤਾ ਦੇ ਹਿੱਤ ਵਿੱਚ ਹੈ।

  (ਜਨਤਾ ਦੇ ਹਿੱਤ ਦਾ ਮਤਲਬ ਹੈ ਕਿ ਫਿਸਕਲ ਮਾਮਲੇ ਨੂੰ ਹਰ ਪਾਸੋਂ ਦੇਖੇਗਾ - ਵਿਆਪਕ ਸਮਾਜ ਦੇ ਅਤੇ ਇਸਦੇ ਨਾਲ-ਨਾਲ ਪੀੜ੍ਹਤ ਅਤੇ ਮੁਲਜ਼ਮ ਦੇ ਨਜ਼ਰਿਏ ਤੋਂ)।

- ਕਿਸੇ ਵਿਅਕਤੀ ਲਈ ਜੋ ਜੁਰਮ ਦਾ ਸ਼ਿਕਾਰ ਹੈ, "ਆਰੋਪ ਵਾਪਸ ਲੈਣਾ" ਮੁਮਕਿਨ ਨਹੀਂ ਹੈ। ਫਿਸਕਲ ਇਹ ਫ਼ੈਸਲਾ ਕਰਦਾ ਹੈ।

- VIA ਕਾਉਂਸਲਿੰਗ ਜਾਂ ਮਾਲੀ ਸਹਾਰਾ ਨਹੀਂ ਦੇ ਸਕਦੇ, ਹਲਾਂਕਿ ਅਸੀਂ ਹੋਰਨਾਂ ਏਜੰਸੀਆਂ ਨਾਲ ਤੁਹਾਡਾ ਸੰਪਰਕ ਕਰਾ ਸਕਦੇ ਹਾਂ ਜੋ ਸ਼ਾਇਦ ਮਦਦ ਕਰਨ ਦੇ ਕਾਬਲ ਹੋ ਸਕਦੀਆਂ ਹਨ।